# ਪ੍ਰਧਾਨ ਮੰਤਰੀ ਨੇ ਬੈਲਜੀਅਮ ਦੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ

ਮਾਰਚ 26, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਬੈਲਜੀਅਮ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਅਲੈਗਜ਼ੈਂਡਰ ਡੀ ਕਰੂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ, ਬ੍ਰਸੇਲਜ਼ ਵਿੱਚ ਪਹਿਲੇ ਪ੍ਰਮਾਣੂ ਊਰਜਾ ਸਿਖਰ ਸੰਮੇਲਨ ਦੀ ਹਾਲ ਹੀ ਵਿੱਚ ਸਫਲ ਮੇਜ਼ਬਾਨੀ ਲਈ, ਪ੍ਰਧਾਨ ਮੰਤਰੀ ਡੀ ਕਰੂ ਨੂੰ ਵਧਾਈ ਦਿੱਤੀ।

ਦੋਵੇਂ ਨੇਤਾਵਾਂ ਨੇ ਭਾਰਤ ਅਤੇ ਬੈਲਜੀਅਮ ਦਰਮਿਆਨ ਸ਼ਾਨਦਾਰ ਸਬੰਧਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਵਪਾਰ, ਨਿਵੇਸ਼, ਕਲੀਨ ਟੈਕਨਾਲੋਜੀ, ਸੈਮੀਕੰਡਕਟਰ, ਫਾਰਮਾਸਿਊਟੀਕਲ, ਗ੍ਰੀਨ ਹਾਈਡ੍ਰੋਜਨ, ਆਈ.ਟੀ., ਰੱਖਿਆ, ਬੰਦਰਗਾਹਾਂ ਸਮੇਤ ਵਿਭਿੰਨ ਖੇਤਰਾਂ ਵਿੱਚ ਦੁਵੱਲੀ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ।

ਦੋਵੇਂ ਨੇਤਾਵਾਂ ਨੇ ਬੈਲਜੀਅਮ ਦੀ, ਯੂਰਪੀਅਨ ਯੂਨੀਅਨ ਦੀ ਕੌਂਸਲ ਦੀ ਚੱਲ ਰਹੀ ਪ੍ਰਧਾਨਗੀ ਦੇ ਤਹਿਤ, ਭਾਰਤ-ਈ.ਯੂ. ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਉਨ੍ਹਾਂ ਨੇ ਖੇਤਰੀ ਅਤੇ ਗਲੋਬਲ ਵਿਕਾਸ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਉਹ ਪੱਛਮੀ ਏਸ਼ੀਆ ਖੇਤਰ ਅਤੇ ਰੂਸ-ਯੂਕਰੇਨ ਸੰਘਰਸ਼ ਵਿੱਚ ਸ਼ਾਂਤੀ ਅਤੇ ਸੁਰੱਖਿਆ ਦੀ ਛੇਤੀ ਬਹਾਲੀ ਲਈ ਸਹਿਯੋਗ ਅਤੇ ਸਮਰਥਨ ਵਧਾਉਣ ਦੀ ਲੋੜ 'ਤੇ ਸਹਿਮਤ ਹੋਏ।

ਦੋਵੇਂ ਨੇਤਾਵਾਂ ਨੇ ਸੰਪਰਕ ਵਿੱਚ ਰਹਿਣ ਲਈ ਸਹਿਮਤੀ ਬਣਾਈ।

**ਨਵੀਂ ਦਿੱਲੀ**
**ਮਾਰਚ 26, 2024**